ਡਾਇਰੈਕਟਰ ਜਨਰਲ ਸਕੂਲ ਸਿਖਿਆ
ਪੰਜਾਬ ਆਈ.ਸੀ.ਟੀ ਸਿਖਿਆ ਸੋਸਾਇਟੀ
ਐਸ ਸੀ ਓ-104-106, ਸੈਕਟਰ- 34 ਅ,
ਫੋਨ ਨੰ: 2623207, 2621106,2624673, **ਚੰਡੀਗੜ੍ਹ**
ਫੈਕਸ ਨੰ: 2624687, 2323206

ਵੱਲ

ਸਾਰੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਪੰਜਾਬ ।
ਮੀਮੋ ਨੰ : 2/1-ICT-2010/DIET/54413-432
ਮਿਤੀ : 7 ਅਕਤੂਬਰ, 2010

**ਵਿਸ਼ਾ :** **ਈ-ਮੇਲ ਦੇ ਰਾਹੀਂ ਡਾਕ ਪ੍ਰਾਪਤ ਕਰਨ ਬਾਰੇ ।**

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਵੋ ਜੀ ।
2. ਸਾਰੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਦੇ ਦਫਤਰਾਂ ਵਿਚ ਇੰਟਰਨੈਟ ਕਨੈਕਸ਼ਨ ਦਿਤਾ ਗਿਆ ਹੈ, ਜਿਸਦੇ ਰਾਹੀਂ ਡਾਕ ਭੇਜੀ ਅਤੇ ਪ੍ਰਾਪਤ ਕੀਤੀ ਜਾ ਸਕਦੀ ਹੈ । ਪਰ ਇਸ ਦਫਤਰ ਦੇ ਧਿਆਨ ਵਿਚ ਆਇਆ ਹੈ ਕਿ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਦਾ ਦਫਤਰ ਸਕੂਲਾਂ ਵਲੋਂ ਸੂਚਨਾਂ ਪ੍ਰਾਪਤ ਕਰਨ ਲਈ ਤਾਂ ਮੇਲ ਭੇਜ ਦਿੰਦੇ ਹਨ ਪਰ ਸਕੂਲਾਂ ਦੀ ਸੂਚਨਾਂ ਮੇਲ ਰਾਹੀਂ ਪ੍ਰਾਪਤ ਕਰਨ ਤੋਂ ਇਨਕਾਰ ਕਰ ਦਿੰਦੇ ਹਨ, ਜਿਸਦੇ ਫਲਸਰੂਪ ਅਧਿਆਪਕਾਂ ਜਾਂ ਕਲਰਕਾਂ ਨੂੰ ਡਾਕ ਜਿਲ੍ਹਾ ਸਿੱਖਿਆ ਅਫਸਰ ਦੇ ਦਫਤਰ ਪਹੁੰਚ ਕੇ ਦੇਣੀ ਪੈਂਦੀ ਹੈ ।
3. ਇੱਥੇ ਇਹ ਦਸੱਣ ਯੋਗ ਹੈ ਕਿ ਇੰਟਰਨੈਟ ਦੀ ਸੁਵਿੱਧਾ ਡਾਕ ਨੂੰ ਤੇਜ਼ੀ ਨਾਲ ਭੇਜਣ ਅਤੇ ਪ੍ਰਾਪਤ ਕਰਨ ਲਈ ਦਿਤੀ ਗਈ ਹੈ । ਇਸ ਲਈ ਤੁਹਾਨੂੰ ਇਹ ਹਦਾਇਤ ਦਿਤੀ ਜਾਂਦੀ ਹੈ ਕਿ ਸਾਰੇ ਸਕੂਲਾਂ ਤੋਂ ਡਾਕ / ਸੂਚਨਾਂ ਈ ਮੇਲ ਦੇ ਰਾਹੀਂ ਪ੍ਰਾਪਤ ਕੀਤੀ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿਖਿਆ
**ਪੰਜਾਬ**